੫੦.

ੴ ਸਤਿਗੁਰ ਪ੍ਰਸਾਦਿ।

ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ

ਸਤਿਗੁਰੂ ਨਾਨਕ ਦਾ

ਬਿਰਹਾ

ਗੁਰੂ ਨਾਨਕ ਮਿਸ਼ਨ
ਲੜੀ ਦਾ ੪੦ਵਾਂ ਟ੍ਰੈਕਟ

ਭੇਟਾ ੧੫ ਪੈਸੇ

ਸਤਿਗੁਰੂ ਨਾਨਕ ਦਾ ਬਿਰਹਾ

ਗੁਰੂ ਨਾਨਕ ਮਿਸ਼ਨ ਦਾ ਚਾਲੀਵਾਂ ਟ੍ਰੈਕਟ ਹੈ। ਦਸੰਬਰ 1968 ਵਿਚ ਤਿੰਨ ਟ੍ਰੈਕਟ ਪ੍ਰਕਾਸ਼ਤ ਹੋਏ ਸਨ, ਨੰਬਰ 37 'ਖਾਲਸਾ ਧਰਮ ਨਿਰੂਪਣ', ਨੰਬਰ 38 'ਵਾਹੁ ਵਾਹੁ ਗੋਬਿੰਦ ਸਿਘ ਆਪੇ ਗੁਰ ਚੇਲਾ' ਇਹ ਟ੍ਰੈਕਟ ਸਿੰਘ ਸਭਾ ਅਹਿਮਦਾਬਾਦ ਅਤੇ ਸਿੰਘ ਸਭਾ ਰਾਜ ਕੋਟ ਨੇ ਗੁਜਰਾਤੀ ਭਾਸ਼ਾ ਵਿਚ ਛਪਵਾਇਆ ਸੀ ਅਤੇ ਉਨ੍ਹਾਂ ਥਾਂਵਾਂ ਤੇ ਹੀ ਵੰਡਿਆ ਗਿਆ ਸੀ। ਨੰਬਰ 39 'ਹਮ ਇਹੁ ਕਾਜ ਜਗਤ ਮੋ ਆਇ' ਹਿੰਦੀ ਭਾਸ਼ਾ ਵਿਚ ਛਪਿਆ ਸੀ।

ਹਥ ਵਿਚਲੇ ਟ੍ਰੈਕਟ ਤੋਂ ਪਿਛੋਂ ਹਰ ਮਹੀਨੇ ਇਕ ਟ੍ਰੈਕਟ ਪ੍ਰਕਾਸ਼ਤ ਕਰਨ ਦਾ ਵਿਚਾਰ ਹੈ ਅਤੇ ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਸਮੇਂ ਅਥਵਾ ਨਵੰਬਰ, 1969 ਵਿਚ ਪੰਜਾਹਵਾਂ ਟ੍ਰੈਕਟ ਪ੍ਰਕਾਸ਼ਤ ਹੋਵੇਗਾ।

ਜੋ ਸਜਣ ਜਾਂ ਸੰਸਥਾ ਇਸ ਸਾਲ ਦੇ ਟ੍ਰੈਕਟ ਸੰਗਤਾਂ ਵਿਚ ਵੰਡਕੇ ਸਤਿਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਨਾ ਚਾਹੁਣ, ਆਪਨੇ ਨਾਮ ਪਤੇ ਗੁਰੂ ਨਾਨਕ ਮਿਸ਼ਨ ਦੇ ਦਫਤਰ ਨੂੰ ਲਿਖ ਭੇਜਣ ਤਾਂ ਕਿ ਇਹ ਟ੍ਰੈਕਟਾਂ ਪਰ ਛਪ ਸਕਣ।

ਨੋਟ:—ਗੁਰੂ ਨਾਨਕ ਮਿਸ਼ਨ ਦੇ ਮੈਂਬਰ ਸਾਹਿਬਾਨ ਅਤੇ ਸਬ-ਸਕਰਾਈਬਰਸ ਜਿਨ੍ਹਾਂ ਦਾ ਸਲਾਨਾ ਚੰਦਾ ਅਦਾ ਹੋਣ ਯੋਗ ਹੈ ਆਪਣਾ ੨ ਚੰਦਾ ਜਮ੍ਹਾਂ ਕਰਾਉਣ ਦੀ ਕਿਰਪਾ ਕਰਨ ਤਾਂ ਕਿ ਉਨ੍ਹਾਂ ਨੂੰ ਇਸ ਦਾ ਲਾਭ ਪੁਜਦਾ ਰਹੇ।

ਸਕੱਤਰ

ਗੁਰੂ ਨਾਨਕ ਮਿਸ਼ਨ

'ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ'

ਬਹੁ ਪ੍ਰਕਾਰੀ ਸੁੰਦਰ ਲਾਲ ਤੋਂ ਸਦਕੇ ਹੋਣ ਵਾਲੇ ਗੁਰੂ ਨਾਨਕ ਨੂੰ ਹਰ ਦਿਸਦੀ ਸ਼ੈ ਵਿਚੋਂ ਉਸਦਾ ਜ਼ਹੂਰ ਦਿਸਿਆ। ਸੁਣਾਈ ਦੇਂਦੀ ਹਰ ਅਵਾਜ਼ ਉਸਦੀ ਮਧੁਰ ਧੁਨ ਨਾਲ ਭਰਪੂਰ ਅਤੇ ਹਰ ਰਸ ਉਸਦੇ ਰਸ ਨਾਲ ਮਖਮੂਰ ਪਰਤੀਤ ਹੋਇਆ। ਤਾਰਿਆਂ ਜੜੇ ਗਗਨ ਰੂਪੀ ਥਾਲ ਵਿਚ ਜਗ ਰਹੇ ਚੰਦ ਤੇ ਸੂਰਜ ਦੇ ਦੀਵੇ, ਰੁਮਕਦੀ ਤੇ ਸੁਗੰਧੀ ਵੰਡਦੀ ਪਉਣ ਅਤੇ ਟਹਿਕਦੀ ਤੇ ਫੁਲਦੀ ਬਨਸਪਤੀ ਉਸ ਰੰਗਲੇ ਸ਼ਹੁ ਦੀ ਆਰਤੀ ਉਤਾਰ ਰਹੇ ਸਨ, ਕਿਧਰੇ ਹਵਾ, ਪਾਣੀ, ਅਗਨੀ ਅਤੇ ਰਾਜਾ ਇੰਦਰ ਦੇਵਤਿਆਂ ਦੇ ਸਮੂਹ ਸਹਿਤ ਉਸਦਾ ਜਸ ਗਾਇਨ ਪਏ ਕਰਦੇ ਸਨ ਅਤੇ ਅਨਗਿਣਤ ਖੰਡ ਮੰਡਲ ਤੇ ਬ੍ਰਹਿਮੰਡ ਅਤੇ ਇਨ੍ਹਾਂ ਵਿਚ ਵਸਦੇ ਅਨੇਕ ਜੀਅ ਜੰਤ, ਨਰ ਨਾਰੀ ਉਸਦੀ ਵਡਿਆਈ ਅੰਦਰ ਜੁੜੇ ਸਨ। ਇਹ ਤੱਕ ਗੁਰੂ ਨਾਨਕ ਦੇ ਮੂੰਹ ਤੋਂ ਅਵੱਸ਼ ਨਿਕਲਿਆ :

'ਵਾਹੁ ਮੇਰੇ ਸਾਹਿਬਾ ਵਾਹੁ'

'ਹਉ ਵਾਰੀ ਹਉ ਵਾਰਣੈ ਕੁਰਬਾਣ ਤੇਰੇ ਨਾਵਨੌ'

ਅਤੇ ਸਾਥੀਆਂ ਸੰਗੀਆਂ ਪ੍ਰਤੀ ਆਪਨੇ ਦਸਿਆ।

'ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ'

ਇਸੇ ਰੰਗ ਅੰਦਰ ਸਤਿਗੁਰੂ ਨਾਨਕ ਦੇਵ ਜੀ ਨੇ ਉਸ ਸਾਹਿਬ ਦੇ ਸਨਮੁਖ ਹੋ ਕੇ ਗਾਂਵਿਆ :

ਸਚੇ ਤੇਰੇ ਖੰਡ ਸਚੇ ਬ੍ਰਹਮੰਡ
ਸਚੇ ਤੇਰੇ ਲੋਅ ਸਚੇ ਆਕਾਰ
ਸਚੇ ਤੇਰੇ ਕਰਣੇ ਸਰਬ ਬੀਚਾਰ
ਸਚਾ ਤੇਰਾ ਅਮਰੁ ਸਚਾ ਦੀਬਾਣੁ
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ
ਸਚਾ ਤੇਰਾ ਕਰਮੁ ਸਚਾ ਨੀਸਾਣੁ
ਸਚੇ ਤੁਧੁ ਆਖਹਿ ਲਖ ਕਰੋੜਿ
ਸਚੈ ਸਭਿ ਤਾਣਿ ਸਚੈ ਸਭਿ ਜੋਰਿ

ਸਚੀ ਤੇਰੀ ਸਿਫਤਿ ਸਚੀ ਸਾਲਾਹ
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ
ਨਾਨਕ ਸਚੁ ਧਿਆਇਨਿ ਸਚੁ
ਜੋ ਮਰਿ ਜੰਮੇ ਸੁ ਕਚੁ ਨਿਕਚੁ
ਅਤੇ ਵਡੀ ਵਡਿਆਈ ਜਾ ਵਡਾ ਨਾਉ
ਵਡੀ ਵਡਿਆਈ ਜਾ ਸਚੁ ਨਿਆਉ
ਵਡੀ ਵਡਿਆਈ ਜਾ ਨਿਹਚਲ ਥਾਉ
ਵਡੀ ਵਡਿਆਈ ਜਾਣੈ ਆਲਾਉ
ਵਡੀ ਵਡਿਆਈ ਬੁਝੈ ਸਭਿ ਭਾਉ
ਵਡੀ ਵਡਿਆਈ ਜਾ ਪੁਛਿ ਨ ਦਾਤਿ
ਵਡੀ ਵਡਿਆਈ ਜਾ ਆਪੇ ਆਪਿ
ਨਾਨਕ ਕਾਰ ਨ ਕਥਨੀ ਜਾਇ
ਕੀਤਾ ਕਰਣਾ ਸਰਬ ਰਜਾਇ (ਆਸਾ ਮ: ੧)

ਉਸਦੀ ਵਡਿਆਈ ਅੰਦਰ ਜੁੜੇ ਅਤੇ ਉਸ ਨਾਲ ਇਕ ਸੁਰ ਹੋਏ ਗੁਰੂ ਨਾਨਕ ਨੇ ਕਰਤਾ ਪੁਰਖ ਦੀ ਅਦਭੁਤ ਰਚਨਾ ਦੀ ਜਿਸ ਵਸਤੂ ਵੱਲ ਧਿਆਨ ਕੀਤਾ ਇਕ ਦੂਜੇ ਤੋਂ ਵਧ ਅਸਚਰਜ ਦਿਸੀ। ਭਾਂਤੋ ਭਾਂਤੀ ਪ੍ਰਕਾਰ ਦੇ ਅਨਗਿਣਤ ਜੀਵਾਂ ਦੀ ਵਖੋ ਵਖ ਤਰੀਕਿਆਂ ਰਾਹੀਂ ਉਪਜ—ਅਨੇਕਾਂ ਜੀਵ ਮਨੁਖ ਵਾਂਙ ਜੇਰ ਤੋਂ ਪੈਦਾ ਹੋ ਕੇ ਮਾਂ ਦੇ ਦੁਧ ਤੋਂ ਅਪਨਾ ਜੀਵਨ ਅਰੰਭਦੇ ਹਨ, ਅਨੇਕ ਅੰਡਿਆਂ ਵਿਚੋਂ ਨਿਕਲ ਕੇ, ਅਨੇਕਾਂ ਹੋਰ ਧਰਤੀ ਮਾਂ ਤੋਂ ਉਗ ਕੇ ਅਤੇ ਅਣਗਿਣਤ ਮੈਲ ਮਿਟੀ ਤੋਂ ਉਪਜ ਕੇ ਹਵਾ ਪਾਣੀ ਵਿਚ ਅਤੇ ਧਰਤੀ ਤੇ ਵਿਚਰ ਰਹੇ ਹਨ। ਕਿਸੇ ਇਕ ਨਾਲ ਦੂਜੇ ਦੀ ਸ਼ਕਲ ਅਕਲ ਜਾਂ ਰੰਗ ਢੰਗ ਮੇਲ ਨਹੀਂ ਖਾਂਦਾ ਪ੍ਰੰਤੂ ਸਭ ਦੇ ਮੂੰਹ, ਅੱਖਾਂ, ਨੱਕ, ਕੰਨ ਇਕ ਸਾਰ ਖਾਣ, ਪੀਣ, ਵੇਖਣ, ਸੁੰਘਣ ਤੇ ਸੁਨਣ ਦਾ ਕੰਮ ਕਰਦੇ ਹਨ। ਸਭ ਨੂੰ ਭੁਖ ਅਤੇ ਇਸਦੇ ਦੂਰ ਕਰਨ ਦੇ ਸਾਧਨ ਲੱਭਣ ਦੀ ਲੋੜ ਇਕੋ ਜਹੀ ਹੈ। ਸਭ ਕਿਸੇ ਅੰਦਰ ਜਿਉਂਦੇ ਰਹਿਣ ਅਤੇ ਮਰਨ ਤੋਂ ਬਚਣ ਦੀ ਇਛਾ ਇਕ ਸਮਾਨ ਹੈ। ਸਭ ਦੇ ਅੰਦਰ ਵਧਣ ਫੁਲਣ ਦੀ ਚਾਹ ਹੈ, ਕੋਈ ਭੀ ਮਰਨ ਲਈ ਤਿਆਰ ਨਹੀਂ ਪਰ ਮਰਦੇ ਸਾਰੇ ਹੀ ਹਨ। ਕਿਤਨੀ ਅਚਰਜ ਲੀਲ੍ਹਾ ਹੈ। ਅਨੇਕਤਾ ਅੰਦਰ ਏਕਤਾ ਕਿੰਨੀ

ਪ੍ਰਧਾਨ ਹੈ। ਆਪਣੇ ਆਪਣੇ ਦਾਇਰੇ ਵਿਚ ਹਰ ਕਿਸੇ ਨੂੰ ਆਪਣੀ ਆਪਣੀ ਕਿਸਮ ਦੀ ਸੂਝ ਬੂਝ ਮਿਲੀ ਹੋਈ ਹੈ ਜਿਸਦੇ ਅਧੀਨ ਹਰ ਇਕ ਆਪੋ ਆਪਣੇ ਕੰਮ ਵਿਚ ਮਸਤ ਤੁਰਿਆ ਜਾ ਰਿਹਾ ਹੈ। ਹਕੀਰ ਤੋਂ ਹਕੀਰ ਅਤੇ ਚੰਗੇ ਤੋਂ ਚੰਗਾ ਭੀ ਆਪਣੀ ਨਸਲ ਵਧਾਉਣ ਦਾ ਚਾਹਵਾਨ ਹੈ ਗੋਇਆ ਕਿ ਹਰ ਸਰੇਣੀ ਦੀ ਇਹੋ ਚਾਹ ਹੈ ਕਿ ਓਹ ਵਧੇ ਫੁੱਲੇ। ਇਨ੍ਹਾਂ ਸਭ ਦੇ ਅੰਦਰ ਇਕੋ ਜੀਵਨ ਸੱਤਾ ਇਕ ਸਾਰ ਰਮ ਰਹੀ ਹੈ। ਜਿਸਤਰ੍ਹਾਂ ਸਾਰੀ ਬਨਾਸਪਤੀ ਅੰਦਰ ਪਾਣੀ ਹੈ ਜਾਂ ਸਾਰੇ ਜਾਨਦਾਰਾਂ ਅੰਦਰ ਤਾਪਮਾਨ ਹੈ, ਜਿਵੇਂ ਪਾਣੀ ਤੋਂ ਬਿਨਾਂ ਹਰਿਆਉਲ ਦਾ ਹੋਣਾ ਸੰਭਵ ਨਹੀਂ ਅਤੇ ਗਰਮੀ ਤਥਾ ਸੇਕ (ਅਗਨੀ) ਤੋਂ ਬਗੈਰ ਜ਼ਿੰਦਗੀ ਨਹੀਂ, ਇਵੇਂ ਹੀ ਸਰਬ ਹੋਂਦ ਅੰਦਰ ਵਾਹਿਗੁਰੂ ਦੀ ਜੋਤਿ ਪ੍ਰਕਾਸ਼ਮਾਨ ਹੈ, ਇਸ ਜੋਤਿ ਸਦਕਾ ਗੁਰੂ ਨਾਨਕ ਨੂੰ ਸਭ ਸਚ ਹੀ ਸਚ ਪਰਤੀਤ ਹੋਇਆ। ਆਪਦੀ ਇਹੋ ਜਹੀ ਸਚ ਦੀ ਸੂਝ ਨਿਰੀ intellectual ਦਿਮਾਗ਼ੀ ਨਹੀਂ ਸੀ, ਇਹ ਨਿਰਾ ਇਉਂ ਨਹੀਂ ਸੀ ਜਿਵੇਂ ਅਗਿਆਨ ਦੀ ਦਸ਼ਾ ਤੋਂ ਗਿਆਨ ਦੀ ਦਸ਼ਾ ਹੁੰਦੀ ਹੈ, ਸਗੋਂ ਇਹ ਇਕ ਉਜਾਲਾ ਸੀ। ਇਕ ਪ੍ਰਕਾਸ਼ ਸੀ ਜਿਸਨੂੰ ਵੇਖ ਕੇ ਉਹ ਚਕ੍ਰਿਤ ਸਨ। ਜਿਵੇਂ ਕਿਸੇ ਅਤਿਅੰਤ ਸੋਹਣੀ ਚੀਜ਼ ਨੂੰ ਵੇਖ ਜਾਂ ਅਤਿ ਸੁਰੀਲਾ ਨਾਦ ਸੁਣਕੇ ਕਿਸੇ ਦਾ ਮਨ ਵਿਸਮਦੇ ਹੋ ਜਾਵੇ ਅਤੇ ਉਸਨੂੰ ਬਿਆਨ ਨ ਕਰ ਸਕਣ ਦੀ ਦਸ਼ਾ ਵਿਚ ਨਿਰਾ ਵਾਹ ਵਾਹ ਵਿਚ ਗੁੰਮ ਹੋ ਜਾਵੇ।

ਆਪ ਕਾਮਰੂਪ ਦੇ ਰਾਜ ਅੰਦਰ ਪੁਜੇ ; ਰਾਜੇ ਦਾ ਸਾਧਾਂ ਸੰਤਾਂ ਤੇ ਬਹੁਤਾ ਭਰੋਸਾ ਨਹੀਂ ਸੀ ਬਲਕਿ ਉਸਨੂੰ ਯਕੀਨ ਹੋ ਚੁਕਾ ਸੀ ਕਿ ਵਡੇ ਤੋਂ ਵਡਾ ਮਨੁਖ ਭੀ ਮੋਹ ਤੇ ਕਾਮ ਵਸ ਹੋ ਜਾਂਦਾ ਹੈ ਜਿਸ ਲਈ ਓਹ ਆਏ ਸਾਧੂਆਂ ਦੀ ਪਰਖ ਸੁੰਦਰ ਮੋਹਣੀਆਂ ਨੌਜਵਾਨ ਲੜਕੀਆਂ ਨੂੰ ਉਨ੍ਹਾਂ ਪਾਸ ਭੇਜ ਕੇ ਕਰਿਆ ਕਰਦਾ ਸੀ। ਉਸਨੇ ਗੁਰੂ ਨਾਨਕ ਦੀ ਵਡੀ ਉਪਮਾ ਸੁਣੀ ਸੀ ਪਰ ਉਸਦਾ ਮਨ ਨਹੀਂ ਮੰਨਦਾ ਸੀ। ਉਸ ਨੇ ਕਈ ਸੁੰਦਰ ਕੁਮਾਰੀਆਂ ਹਾਰ ਸ਼ਿੰਗਾਰ ਲਗਾ ਉਥੇ ਭੇਜੀਆਂ ਜਿਥੇ ਗੁਰੂ ਨਾਨਕ ਦੇਵ ਜੀ ਆ ਟਿਕੇ ਸਨ। ਕੁਮਾਰੀਆਂ ਨੇ ਅਨੇਕ ਪ੍ਰਕਾਰ ਦੇ ਹਾਵ ਭਾਵ ਦੁਆਰਾ ਗੁਰੂ ਨਾਨਕ ਦਾ ਮਨ ਮੋਹਨ ਦੇ ਸਾਧਨ ਕੀਤੇ। ਸਾਹਿਬਾਂ ਨੇ ਇਕ ਸ਼ਬਦ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਬਸੰਤ ਰਾਗ ਵਿਚ ਦਰਜ ਹੈ ਇਨ੍ਹਾਂ ਕੁਮਾਰੀਆਂ ਪ੍ਰਤੀ ਉਚਾਰਨ ਕੀਤਾ ਅਤੇ ਇਸਦੇ ਦੌਰਾਨ ਉਨ੍ਹਾਂ ਨੂੰ ਕਿਹਾ :

'ਗਾਛਹੁ ਪੁਤਰੀ ਰਾਜ ਕੁਆਰ'

ਅਰਥਾਤ ਜਾਓ, ਹੇ ਰਾਜ ਕੁਮਾਰ ਪੁਤਰੀਓ, ਮੈਨੂੰ ਕੀ ਰੀਝਾਉਂਦੀਆ ਹੋ

'ਮੋਹਨਿ ਮੋਹਿ ਲੀਆ ਮਨ ਮੋਹਿ'

ਮੇਰਾ ਮਨ ਤਾਂ ਮੇਰੇ ਪ੍ਰੀਤਮ ਮੋਹਨ ਨੇ ਮੋਹ ਲਿਆ ਹੋਇਆ ਹੈ ਤੁਸੀਂ ਇਹ ਕਿਵੇਂ ਮੋਹ ਸਕਦੀਆਂ ਹੋ ?

ਜਦੋਂ ਆਪ ਆਪਣੇ ਕਰਤਾ ਪੁਰਖ ਨਾਲ ਇਕ ਸੁਰ ਹੋਏ ਤਾਂ ਆਪ ਨੇ ਵੇਖਿਆ ਕਿ ਸਾਰੀ ਰਚਨਾ ਉਸਦੀ ਵਡਿਆਈ ਦਾ ਹੀ ਪ੍ਰਤੀਬਿੰਬ ਹੈ। ਪਉਣ ਪਾਣੀ ਅਗਨੀ ਆਪਣੇ ਆਪਣੇ ਗੁਣਾਂ ਰਾਹੀਂ ਉਸੇ ਦੀ ਵਡਿਆਈ ਦਾ ਸੰਦੇਸ਼ ਪਏ ਦੇਂਦੇ ਹਨ, ਸੂਰਮਿਆਂ ਦੀ ਸੂਰਮਤਾਈ, ਪੰਡਤਾਂ ਦੀ ਪੰਡਤਾਈ ਅਤੇ ਸੁੰਦਰੀਆਂ ਦੀ ਸੁੰਦਰਤਾਈ ਵਿਚੋਂ ਉਸਦੀ ਵਡਿਆਈ ਪਈ ਝਲਕਦੀ ਹੈ। ਰਾਗ ਰਾਗਣੀਆਂ ਉਸੇ ਦਾ ਰਾਗ ਅਲਾਪ ਰਹੇ ਹਨ, ਖੰਡਾਂ ਬ੍ਰਹਿਮੰਡਾਂ ਅੰਦਰ ਉਸਦਾ ਜਸ ਗਾਇਨ ਹੋ ਰਿਹਾ ਹੈ ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਭੀ ਉਸਨੂੰ ਪੂਰੀ ਤਰ੍ਹਾਂ ਕੋਈ ਆਖ ਨਹੀਂ ਸਕਿਆ। ਉਸਦਾਂ ਅੰਤ ਤਾਂ ਕਿਸੇ ਕੀ ਪਾਉਣਾ ਸੀ ਜੋ ਉਸਦੀਆਂ ਸਿਫਤਾਂ ਕਹਿਣ ਵਿਚ ਲਗੇ ਹੋਏ ਹਨ ਉਨ੍ਹਾਂ ਦਾ ਅੰਤ ਭੀ ਕੋਈ ਨਹੀਂ ਲੈ ਸਕਿਆ। ਜਿਵੇਂ ਅਨੇਕਾਂ ਨਦੀਆਂ ਨਾਲੇ ਅਥਾਹ ਸਾਗਰ ਨਾਲ ਇਕ ਮਿਕ ਹੋ ਕੇ ਭੀ ਸਾਗਰ ਦਾ ਪਾਰਾਵਾਰ ਨਹੀਂ ਪਾ ਸਕਦੇ ਇਉਂ ਹੀ ਉਸਦੀ ਵਡਿਆਈ ਕਰਨ ਵਾਲੇ ਉਸਦੇ ਵਿਚ ਘੁਲ ਮਿਲ ਕੇ ਭੀ ਉਸਦਾ ਆਦਿ ਅੰਤ ਨਹੀਂ ਜਾਣ ਸਕੇ :

'ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ'

ਕਰਤਾ ਪੁਰਖ ਦੀ ਐਸੀ ਬੇਅੰਤ ਲੀਲ੍ਹਾ ਤਕ ਤਕ ਕੇ ਗੁਰੂ ਨਾਨਕ ਉਸਤੋਂ ਸਦਕੇ ਹੋ ਰਹੇ ਹਨ। ਪਿਤਾ ਕਾਲੂ ਤੇ ਮਾਤਾ ਤ੍ਰਿਪਤਾ ਉਨ੍ਹਾਂ ਦੀ ਇਸਤਰ੍ਹਾਂ ਮਖ਼ਮੂਰ ਹੋਏ ਹੋਣ ਦੀ ਦਸ਼ਾ ਤਕ ਚਾਹੁੰਦੇ ਹਨ ਕਿ ਕਿਸੇ ਤਰ੍ਹਾਂ ਉਨ੍ਹਾਂ ਦੇ ਮਨ ਨੂੰ ਮੋੜਾ ਪਵੇ ਅਤੇ ਓਹ ਹੋਰ ਦੁਨੀਆਦਾਰਾਂ ਵਾਂਙ ਏਧਰ ਧਿਆਨ ਦੇਣ, ਪਰ ਆਪ ਆਪਣੀ ਪਿਆਰੀ ਮਾਤਾ ਨੂੰ ਦਸਦੇ ਹਨ 'ਹੇ ਮਾਂ ਓਹ ਮੈਨੂੰ ਕਿਸਤਰ੍ਹਾਂ ਭੁਲ ਸਕਦਾ

ਹੈ ਮੈਂ ਤਾਂ ਜੀਉਂਦਾ ਹੀ ਉਸਦੇ ਆਸਰੇ ਹਾਂ ਉਸਨੂੰ ਵਿਸਰ ਕੇ ਤਾਂ ਮੇਰੀ ਮੌਤ ਹੋ ਜਾਂਦੀ ਹੈ :

'ਆਖਾ ਜੀਵਾ ਵਿਸਰੈ ਮਰਿ ਜਾਉ'
ਤੇ 'ਸੋ ਕਿਉ ਵਿਸਰੇ ਮੇਰੀ ਮਾਇ'

ਮਾਪਿਆਂ ਦਾ ਪਿਆਰ ਇਹ ਬਰਦਾਸ਼ਤ ਨਹੀਂ ਕਰਦਾ ਕਿ ਉਨ੍ਹਾਂ ਦਾ ਇਕਲੌਤਾ ਪੁੱਤਰ ਇਸ ਤਰ੍ਹਾਂ ਉਪਰਾਮ ਹੋਇਆ ਰਹੇ। ਕਿਸੇ ਵਿਹਾਰ ਕਾਰ ਦੀ ਗੱਲ ਨ ਕਰੇ। ਓਹ ਪੁੱਤਰ ਦੇ ਖਾਣ ਲਈ ਚੰਗੇ ੨ ਪਦਾਰਥ ਤੇ ਪਹਿਨਣ ਵਾਸਤੇ ਬਸਤਰ ਲਿਆਉਂਦੇ ਹਨ। ਪਰ ਇਸ ਅਣੋਖੇ ਬਾਲਕ ਦੇ ਮਨ ਅੰਦਰ ਇਨ੍ਹਾਂ ਦੇ ਖਾਣ ਪਹਿਰਣ ਦੀ ਭੀ ਕੋਈ ਚਾਹ ਨਹੀਂ। ਮਾਪੇ ਸਮਝਦੇ ਹਨ ਕਿ ਇਸਨੂੰ ਭੁਖ ਨਹੀਂ ਲਗਦੀ ਇਸ ਦੇ ਅੰਦਰ ਕੋਈ ਰੋਗ ਹੈ ਜਿਸਦੇ ਦਾਰੂ ਕਰਨ ਦਾ ਓਹ ਚਾਰਾ ਕਰਦੇ ਹਨ। ਵੈਦ ਆਉਂਦਾ ਹੈ, ਮਾਂ ਤ੍ਰਿਪਤਾ ਵੈਦ ਨੂੰ ਦਸਦੀ ਹੈ ਕਿ ਨਾਨਕ ਨੂੰ ਕੋਈ ਗੁਝਾ ਰੋਗ ਹੈ ਜਿਸ ਕਰਕੇ ਇਸਨੂੰ ਭੁਖ ਭੀ ਨਹੀਂ ਲਗਦੀ। ਵੈਦ ਨਾਨਕ ਦੀ ਬਾਂਹ ਟਟੋਲਦਾ ਤੇ ਨਾੜੀ ਤੋਂ ਰੋਗ ਦੀ ਪਛਾਣ ਕਰਕੇ ਦਵਾਈ ਦੇਣਾ ਚਾਹੁੰਦਾ ਹੈ ਪਰ ਆਪ ਉਸਨੂੰ ਕਹਿੰਦੇ ਹਨ 'ਵੈਦ ਨ ਭੋਲੇ ਦਾਰੂ ਲਾਇ' ਅਤੇ ਮਾਂ ਨੂੰ ਦਸਦੇ ਹਨ ਕਿ ਅੰਮਾ, ਮੈਨੂੰ ਭੁਖ ਤਾਂ ਲਗੀ ਹੋਈ ਹੈ, ਤੂੰ ਕਿਉਂ ਕਹਿੰਦੀ ਹੈਂ ਮੈਨੂੰ ਭੁਖ ਨਹੀਂ ਲਗਦੀ। ਮੈਨੂੰ ਕਿਸੇ ਦਵਾ ਦਾਰੂ ਦੀ ਲੋੜ ਨਹੀਂ ਮੇਰੀ ਭੁਖ ਹੀ ਮੇਰਾ ਦਾਰੂ ਹੈ:

'ਸਾਚੇ ਨਾਮ ਕੀ ਲਾਗੈ ਭੂਖ
ਉਤੁ ਭੂਖੈ ਖਾਇ ਚਲੀਅਹਿ ਦੂਖ'

ਨਾਨਕ ਦੇ ਅਣੋਖੇ ਰੋਗ ਦਾ ਕੈਸਾ ਅਣੋਖਾ ਦਾਰੂ ਹੈ, ਸਦਕੇ ਹਾਂ ਗੁਰੂ ਨਾਨਕ ਤੇਰੀ ਭੁਖ ਤੋਂ, ਜਿਸਤੋਂ ਤੇਰੇ ਦੁਖ ਖਾਧੇ ਜਾਂਦੇ ਹਨ। ਲੋਕਾਂ ਲਈ ਭੁਖ ਰੋਗ ਹੈ ਰੋਗਾਂ ਦਾ ਕਾਰਨ ਹੈ, ਪਰ ਧੰਨ ਗੁਰੂ ਨਾਨਕ, ਤੇਰੀ ਭੁਖ ਤੇਰੇ ਦੁਖਾਂ ਦਾ ਦਾਰੂ ਹੈ। ਕਾਸ਼! ਇਹੋ ਜਹੀ ਭੁਖ ਸਾਰੇ ਮਨੁਖਾਂ ਨੂੰ ਲਗਦੀ ਤੇ ਮਨੁਖ ਰੋਗ ਰਹਿਤ ਹੋ ਜਾਂਦੇ।

ਗੁਰੂ ਨਾਨਕ ਦੇ ਹਿਰਦੇ ਦੀ ਇਹ ਭੁਖ ਕਿੰਨੀ ਤੇਜ਼ ਸੀ, ਉਸਦੀ ਬਿਹਬਲਤਾ ਨੂੰ ਇਕ ਵਿਯੋਗਨ ਪਤਨੀ ਦੇ ਪਿਆਰ ਦੀ ਤੁਲਨਾ ਦੇਂਦੇ ਹੋਏ ਆਪ ਨੇ ਕੁਝ ਅਲੌਕਿਕ ਚਿੱਤਰ ਬਾਣੀ ਅੰਦਰ ਖਿਚੇ ਹਨ ਜਿਨ੍ਹਾਂ ਦਾ ਸੰਖੇਪ ਜ਼ਿਕਰ ਆਪਦੀ ਨਾਮ ਭੁਖ ਦੀ ਸਹੀਈ ਤਸਵੀਰ ਹੋਵੇਗਾ।

(੧) ਪ੍ਰੀਤਮ ਦੀ ਭਾਲ ਵਿਚ ਵਿਯੋਗਣ ਇਸਤਰੀ ਦਾ ਧਿਆਨ ਬਣ ਦੇ ਉਨ੍ਹਾਂ ਅਨਗਿਣਤ ਫੁੱਲਾਂ ਵੱਲ ਜਾਂਦਾ ਹੈ ਜਿਨ੍ਹਾਂ ਉਤੇ ਬਸੰਤ ਨੇ ਖੇੜਾ ਲਿਆਂਦਾ ਹੈ ਅਤੇ ਜਿਨ੍ਹਾਂ ਦੀ ਸੁਗੰਧੀਦੀਆਂ ਲਪਟਾਂ ਲੈਣ ਲਈ ਭਉਰੇ ਭੁਮਰਾਂ ਪਾ ਰਹੇ ਹਨ। ਇਹ ਸੋਚਦੀ ਹੈ ਕਿੰਨਾ ਸੁਹਾਉਣਾ ਹੋ ਜਾਵੇ ਇਹ ਸਮਾਂ, ਜੇ ਮੇਰਾ ਪ੍ਰੀਤਮ ਭੀ ਕਿਧਰੋਂ ਬਹੁੜ ਪਵੇ। ਪਰ ਪਿਆਰਾ ਨਜ਼ਰੀਂ ਨ ਪੈਂਦਾ ਵੇਖ ਇਹ ਹਾਹੁਕੇ ਭਰਦੀ ਤੇ ਆਪਣੇ ਆਪ ਵਿਚ ਨਿਘਰਦੀ ਜਾ ਰਹੀ ਹੈ ਕਿ ਇਕ ਵੰਨਿਉ ਅੰਬ ਦੇ ਰੁਖ ਤੋਂ ਕੋਇਲ ਦੀ ਮਿਠੀ ਕੂਕ ਇਸਦੇ ਕੰਨੀ ਪੈਂਦੀ ਹੈ ਅਤੇ ਫੁੱਲਾਂ ਲੱਦੀਆਂ ਡਾਲੀਆਂ ਉਤੇ ਭਉਦੇਂ ਭੌਰੇ ਦੀ ਭੁੰਕਾਰ ਸੁਣਾਈ ਦੇਂਦੀ ਹੈ। ਇਨ੍ਹਾਂ ਨੂੰ ਆਪਣੇ ਪਿਆਰਿਆਂ ਦੀ ਪਿਆਰ ਮਸਤੀ ਵਿਚ ਵੇਖ ਕੇ ਇਸ ਦੇ ਪ੍ਰੀਤਮ ਦਾ ਵਿਛੋੜਾ ਇਸਨੂੰ ਹੋਰ ਤੜਪਾਉਂਦਾ ਹੈ ਤੇ ਇਹ ਸੋਚਦੀ ਹੈ ਕਿ ਜੇ ਮੇਰਾ ਪਿਰ ਪ੍ਰਭੂ ਭੀ ਮੇਰੇ ਪਾਸ ਹੋਵੇ ਤਾਂ ਮੇਰੇ ਲਈ ਭੀ ਸਦੀਵੀ ਸੁਖ ਦਾ ਸਾਧਨ ਹੋ ਜਾਵੇ :

ਚੇਤੁ ਬਸੰਤ ਭਲਾ ਭਵਰ ਸੁਹਾਵੜੇ
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖ ਪਾਵੈ ਬਿਰਹਿ ਬਿਰੋਧ ਤਨੁ ਛੀਜੈ
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਇ
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ।

ਤੁਖਾਰੀ ਮਃ ੧

(੨) ਪ੍ਰਭੂ ਪ੍ਰੀਤਮ ਦੇ ਦੀਦਾਰ ਤੋਂ ਵਾਂਜੀ ਹੋਈ ਇਸ ਨੂੰ ਆਪਣੇ ਹਾਰ ਸ਼ਿੰਗਾਰ ਤੇ ਖਿਝ ਆਉਂਦੀ ਹੈ ਤੇ ਕਹਿੰਦੀ ਹੈ, ਮੈਂ ਭੰਨ ਸੁਟਾਂ ਇਹ ਚੂੜੀਆਂ ਮਾਰ ਕੇ ਆਪਣੀਆਂ ਬਾਂਹਾਂ ਪਲੰਘ ਦੀਆਂ ਬਾਹੀਆਂ ਨਾਲ। ਕੀ ਲੋੜ ਹੈ ਮਨਿਆਰ ਦੀ ਅਤੇ ਕਾਹਦੇ ਲਈ ਪਾਉਂਣੀਆਂ ਹਨ ਚੂੜੀਆਂ ਉਨ੍ਹਾਂ ਬਾਹਾਂ ਤੇ ਜੋ ਸ਼ਹੁ ਪਤੀ ਦੇ ਗਲੇ ਨਹੀਂ ਲਗੀਆਂ। ਮੈਂ ਸਮਝਦੀ ਸਾਂ ਕਿ ਮੈਂ ਬੜੀ ਸੁਚੱਜੀ ਹਾਂ ਤੇ ਪ੍ਰੀਤਮ ਨੂੰ ਰਿਝਾ ਲਿਆ ਹੈ ਪਰ ਮੈਂ ਵੇਖਦੀ ਹਾਂ ਕਿ ਮੇਰੀਆਂ ਸਖੀਆਂ ਸਹੇਲੀਆਂ ਤਾਂ ਪ੍ਰੀਤਮ ਨੂੰ ਰਾਵਣ ਗਈਆਂ ਹਨ ਪਰ ਮੈਂ ਉਸਦੇ ਵਿਯੋਗ ਵਿਚ ਧੁਖ ਰਹੀ ਹਾਂ, ਮੇਰਾ ਸੁਚੱਜ ਪੁਣਾ ਕਿਸ ਲੇਖੇ, ਜੇ ਇਹ ਪਤੀ ਨੂੰ ਨਹਾਂ ਭਾਉਂਦਾ।

ਮੈਂ ਕੇਸਾਂ ਨੂੰ ਸਵਾਰਿਆ ਬਣਾਇਆ, ਹਾਰ ਸ਼ਿੰਗਾਰ ਭੀ ਲਾਏ ਪਰ ਜੇ ਪਿਆਰੇ ਨੇ ਮੈਨੂੰ ਅਪਣਾਇਆ ਨਾ, ਤਾਂ ਇਹ ਕਿਸ ਕੰਮ, ਮੈਂ ਝੂਰ ਝੂਰ ਮਰੀ। ਮੇਰੀਆਂ ਚੂੱਬਾਂ ਨਿਕਲ ਗਈਆਂ ਤੇ ਮੈਨੂੰ ਰੋਂਦੀ ਨੂੰ ਵੇਖ ਸਾਰਾ ਜਗਤ ਰੋਇਆ, ਜੰਗਲ ਦੇ ਪਖੂ ਭੀ ਰੋਏ ਪਰ ਮੇਰਾ ਬਿਰਹਾ ਜੂੰ ਦਾ ਤੂੰ ਬਣਿਆ ਰਿਹਾ, ਇਸਨੂੰ ਮੇਰੇ ਤੇ ਤਰਸ ਨ ਆਇਆ। ਮੇਰੀ ਰੋਂਦੀ ਰੋਂਦੀ ਦੀ ਪਲ ਭਰ ਅਖ ਲਗ ਗਈ, ਕੀ ਵੇਖਦੀ ਹਾਂ, ਪਿਆਰਾ ਆਇਆ ਤੇ ਚਲਾ ਗਿਆ, ਮੈਂ ਫੁਟ ਫੁਟ ਰੋਈ। ਕੀ ਕਰਦੀ, ਨਾ ਪਿਆਰੇ ਤਕ ਪਹੁੰਚ ਸਕਾਂ, ਨ ਸੁਨੇਹਾ ਭੇਜ ਸਕਾਂ, ਮੈਂ ਨੀਂਦਰ ਨੂੰ ਵਾਸਤੇ ਪਾਏ ਭਲਾ ਜੇ ਨੀਂਦ ਆ ਜਾਵੇ ਤੇ ਸੁਪਨੇ ਵਿਚ ਹੀ ਪਿਆਰੇ ਦਾ ਦੀਦਾਰ ਹੋ ਜਾਵੇ ਪਰ……

ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁਬਾਹੀ ਸਣੁਬਾਹਾ
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ
ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਂਹਾ
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ
ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ
ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ
ਮਾਠਿ ਗੁੰਦਾਈਂ ਪਟੀਆ ਭਰੀਐ ਮਾਂਗ ਸੰਧੂਰੇ
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ
ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ
ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ
ਆਉ ਸਭਾਗੀ ਨੀਂਦੜੀਏ ਮਤੁ ਸਹੁ ਦੇਖਾ ਸੋਇ……

ਵਡਹੰਸ ਮ: ੧

(੩) ਪਤੀ ਦੇ ਏਨੇ ਵਿਯੋਗ ਰੁਧੀ ਨਾਰ ਤਕਦੀ ਹੈ ਕਿ ਸਮਾਂ ਦਬਾ ਦਬ ਬੀਤਦਾ ਜਾ ਰਿਹਾ ਹੈ, ਸ਼ਾਇਦ ਪਿਆਰ ਅੰਦਰ ਕਿਸੇ ਦੋਸ਼ ਕਾਰਨ ਪਤੀ ਨੇ ਇਸਨੂੰ

ਛਡ ਦਿਤਾ ਹੈ। ਹੁਣ ਤਾਂ ਉਮਰ ਭੀ ਰੰਗ ਵਟਾ ਰਹੀ ਹੈ। ਅਸੂ ਦੇ ਮਹੀਨੇ ਕਾਹੀ ਤੇ ਪਿਲਛੀ ਦੇ ਚਿਟੇ ਫੁੱਲਾਂ ਵਾਂਙ ਧਉਲੇ ਕੇਸਾਂ ਨੇ ਆਪਣੇ ਬੁਢਾਪੇ ਦਾ ਦਰਿਸ਼ ਅੱਖਾਂ ਸਾਹਮਣੇ ਲੈ ਆਂਦਾ ਹੈ, ਜਵਾਨੀ ਦੀ ਗਰਮੀ ਬੀਤ ਚੁਕੀ ਹੈ ਅਤੇ ਬੁਢਾਪੇ ਦਾ ਜਾੜਾ ਮਨ ਡੁਲਾ ਰਿਹਾ ਹੈ।

ਅਤਿ ਦੀ ਗਰਮੀ ਪਿਛੋਂ ਤਾਪਮਾਨ ਦੇ ਡਿਗ ਜਾਣ ਵਾਂਙ ਵਿਛੋੜੇ ਦੀ ਖਿਚ ਦੇ ਤਾਪਮਾਨ ਦੇ ਡਿਗ ਜਾਣ ਦਾ ਡਰ ਸਤਾ ਰਿਹਾ ਹੈ ਤੇ ਮਨ ਡੋਲ ਰਿਹਾ ਹੈ ਕਿ ਜੇ ਹੁਣ ਭੀ ਮੇਲ ਨ ਹੋਇਆ ਤਾਂ ਕੀ ਜਾਣੀਏ, ਇਸ ਤੜਪ ਦਾ ਹੀ ਅੰਤ ਨਾ ਹੋ ਜਾਵੇ ਤੇ ਮਿਲਣ ਦੀ ਸੱਧਰ ਵਿਚੇ ਹੀ ਰਹਿ ਜਾਏ।

ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ

ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਿਤ ਮਨੁ ਡੋਲੇ ਤੁਖਾਰੀ ਮਃ ੧

ਇਹ ਕੁਰਲਾ ਉਠਦੀ ਹੈ ਤੇ ਕੂਕ ਕੇ ਪ੍ਰੀਤਮ ਨੂੰ ਵਾਸਤਾ ਪਾਉਂਦੀ ਹੈ 'ਆ ਜਾਓ ਪ੍ਰੀਤਮ, ਮੈਂ ਤਾਂ ਝੁਰ ਝੁਰ ਮਰ ਚੁਕੀ ਹਾਂ, ਹੁਣ ਤਾਂ ਤੂੰ ਹੀ ਆ ਮਿਲੇਂ ਤਾਂ ਮੇਲ ਹੋ ਸਕਦਾ ਹੈ। ਮੇਰੇ ਵਿਚ ਹੁਣ ਸਤਿਆ ਨਹੀਂ ਰਹੀ ਤੇ ਮੇਰਾ ਮਨ ਡੋਲ ਰਿਹਾ ਹੈ ਇਸ ਵਹਿਮ ਵਿਚ, ਕਿ ਭਾਵੇਂ ਦਰਸ਼ਨ ਨ ਹੀ ਹੋਣ।

ਅਸੁਨਿ ਆਉ ਪਿਰਾ ਸਾਧਨ ਝੂਰਿ ਮੁਈ
ਤਾ ਮਿਲੀਐ ਜਾ ਮੇਲੇ ਦੂਜੈ ਭਾਇ ਖੁਈ।

(੪) ਜਿਸ ਤਰ੍ਹਾਂ ਪੋਹ ਦੀ ਖੁਸ਼ਕ ਸਰਦੀ ਤੇ ਬਰਫ਼ ਦੇ ਵੱਸਣ ਨਾਲ ਜੰਗਲ ਦੇ ਵੇਲ ਬੂਟਿਆਂ ਦਾ ਰਸ ਭੀ ਖ਼ੁਸ਼ਕ ਹੋ ਜਾਂਦਾ ਹੈ, ਮੈਂ ਹੁਣ ਨਿਢਾਲ ਹੋ ਚੁਕੀ ਹਾਂ ਮੇਰੇ ਸਰੀਰ ਅੰਦਰ ਸਤਿਆ ਨਹੀਂ ਕਿ ਮੈਂ ਤੇਰੇ ਤਕ ਅੱਪੜ ਸਕਾਂ ਪਰ ਮੇਰੇ ਅੰਦਰ ਅਤੇ ਰਸਨਾ ਤੇ ਤੂੰ ਉਵੇਂ ਹੀ ਵਸ ਰਿਹਾ ਹੈ, ਮੇਰੇ ਮਨ ਦੀ ਤੜਪ ਤਾਂ ਅਜੇ ਜਵਾਨ ਹੈ, ਤੂੰ ਅਜੇ ਵੀ ਨਹੀਂ ਆਉਂਦਾ ?

'ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ। ਤੁਖਾਰੀ ਮਃ ੧

ਧੰਨ ਗੁਰੂ ਨਾਨਕ, ਕਿੰਨੀ ਬਿਹਬਲਤਾ ਹੈ ਤੇਰੇ ਪਿਆਰ ਵਿਚ ! ਪਰ ਇਹ ਬਿਹਬਲਤਾ ਹੋਰ ਤੀਖਣ ਹੋ ਗਈ ਜਦੋਂ ਤੂੰ ਤਕਿਆ ਆਪਣੇ ਪ੍ਰੀਤਮ ਨੂੰ ਕੋਹੜੀ ਦੀ ਝੁਗੀ ਵਿਚ...ਨਹੀਂ ਨਹੀਂ . ਕੋਹੜੀ ਦੇ ਸਰੀਰ ਵਿਚੋਂ ਝਾਤੀਆਂ ਪਾਉਂਦਾ। ਤੇਰੀ ਭੈਣ ਬੇਬੇ ਨਾਨਕੀ ਤੇਰੇ ਛੋਟੇ ਛੋਟੇ ਲਾਲਾਂ ਸ੍ਰੀ ਚੰਦ ਤੇ ਲਖਮੀ ਦਾਸ ਨੂੰ ਉਂਗਲੀ ਲਾਈ ਤੇਰੇ ਪਾਸ ਲਿਆਈ ਤੇ ਉਨ੍ਹਾਂ ਦਾ ਵਾਸਤਾ ਪਾ—ਹਾਂ ਤੇਰੀ ਲੜ ਲਗੀ ਸਾਡੀ ਮਾਤ ਸੁਲੱਖਣੀ ਦਾ ਵਾਸਤਾ ਪਾ—ਤੈਨੂੰ ਕਿਹਾ 'ਵੀਰਨ, ਇਹ ਤੇਰੇ ਪਿਆਰ ਦੇ ਭੁਖੇ ਹਨ, ਤੇਰੇ ਬਿਨਾ ਕੌਣ ਹੈ ਜੋ ਇਨ੍ਹਾਂ ਦੀ ਬਾਂਹ ਫੜੇ ?' ਤੂੰ ਕਿਹਾ 'ਸਚ ਏ, ਬੇਬੇ, ਜੋ ਤੂੰ ਕਹਿੰਦੀ ਏਂ, ਪਰ ਮੇਰਾ ਪ੍ਰੀਤਮ ਮੈਨੂੰ ਓਥੇ ਬੁਲਾ ਰਿਹਾ ਏ ਜਿਥੇ ਰੋਗੀ ਰੋਗ ਵਿਚ ਗ੍ਰਸੇ ਵਿਲਕ ਰਹੇ ਨੇ, ਜਿਥੇ ਕੋਹੜੀ ਕੋਹੜ ਕਰਕੇ ਦੁਖੀ ਨੇ, ਜਿਥੇ ਅਧਰਮੀ ਲੋਕ ਧਰਮ ਦੇ ਨਾਮ ਤੇ ਅਭੋਲ ਜਨਤਾ ਦਾ ਸਾਹ ਸੁਕਾ ਰਹੇ ਨੇ, ਜਿਥੇ ਜਾਬਰ ਲੋਕ ਗ੍ਰੀਬਾਂ ਦੇ ਲਹੂ ਨਹਾ ਰਹੇ ਨੇ, ਜਿਥੇ ਸਤੀਆਂ ਦਾ ਸਤ ਭੰਗ ਕੀਤਾ ਜਾ ਰਿਹਾ ਏ, ਜਿਥੇ ਇਨ੍ਹਾਂ ਦੋ ਲਾਲਾਂ ਜਹੇ ਅਨੇਕਾਂ ਲਾਲ ਦੁਖ ਤੇ ਭੁਖ ਹੱਥੋਂ ਵਿਲਕ ਰਹੇ ਨੇ। ਬੇਬੇ, ਤੂੰਹੇਂ ਦਸ ਕਿ ਮੇਰੇ ਪ੍ਰੀਤਮ ਦੇ ਵਿਲਕਦੇ ਸੰਸਾਰ ਨੂੰ ਛੱਡ ਕੇ ਮੈਨੂੰ ਇਨ੍ਹਾਂ ਲਾਲਾਂ ਪਾਸ ਬੈਠਣਾ ਕਿਵੇਂ ਬਣਦਾ ਏ ?' ਬੇਬੇ ਨਿਰਤਰ ਖੜੀ ਰਹਿ ਗਈ ਅਤੇ ਤੂੰ ਸਤਿ ਕਰਤਾਰ, ਸਤਿ ਕਰਤਾਰ ਕਹਿੰਦਾ ਸਿਧਾ ਉਥੇ ਪੁਜਿਆ, ਜਿਥੇ ਤੇਰਾ ਪ੍ਰੀਤਮ ਕੋਹੜੀ ਦੇ ਅੰਦਰ ਬੈਠਾ ਤੈਨੂੰ ਆਪਣੇ ਪਾਸ ਬੁਲਾ ਰਿਹਾ ਸੀ।

ਧੰਨ ਗੁਰੂ ਨਾਨਕ ! ਆਪ ਉਸ ਝੌਂਪੜੀ ਪਾਸ ਪੁਜੇ ਜਿਥੇ ਇਕ ਇਕੱਲਾ ਕੋਹੜੀ ਪਾਣੀ ਹਥੋਂ ਤੜਪ ਰਿਹਾ ਸੀ। ਝੌਂਪੜੀ ਤੋਂ ਬਾਹਰ ਦੂਰ ਤਕ ਕੋਹੜੀ ਦੀ ਪਾਕ ਤੇ ਗੰਦੇ ਲਹੂ ਦੀ ਬੋ ਮਾਰਦੀ ਸੀ। ਮਰਦਾਨਾ ਬੋਲਿਆ 'ਬਾਬਾ, ਕਿਧਰ ਜਾ ਰਹੇ ਓ, ਇਸ ਵੰਨਿਉਂ ਤਾਂ ਬੋ ਆਉਂਦੀ ਏ :' ਬਾਬੇ ਆਖਿਆ, 'ਮਰਦਾਨਿਆ ਇਹੋ ਬੋ ਹਟਾਉਣ ਤਾਂ ਅਸੀਂ ਆਏ ਹਾਂ। ਸਾਰਾ ਸੰਸਾਰ ਹੀ ਇਸ ਬੋ ਅੰਦਰ ਗ੍ਰਸਿਆ ਏ, ਸਾਡਾ ਕੰਮ ਇਸ ਬੋ ਨੂੰ ਦੂਰ ਕਰਨਾ ਤੇ ਸਾਰੇ ਸੰਸਾਰ ਵਿਚ ਨਾਮ ਦੀ ਸੁਗੰਧੀ ਫੈਲਾਉਣਾ ਏ, ਜੇ ਅਸੀਂ ਇਸ ਤੋਂ ਨੱਕ ਵਟਾਂਗੇ ਤਾਂ ਇਹ ਬੋ ਕਿਵੇਂ ਹਟੇਗੀ ?' ਬਾਬੇ ਨੇ ਅਗੇ ਵਧ ਕੋਹੜੀ ਦੀ ਸਾਰ ਲਈ, ਆਪਣੇ ਦੁਸ਼ਾਲੇ ਨਾਲ

ਉਸਦਾ ਲਹੂ ਪਾਕ ਸਾਫ ਕੀਤਾ, ਮਰਦਾਨਾ ਪਾਣੀ ਦਾ ਘੜਾ ਲਿਆਇਆ ਕੋਹੜੀ ਨੂੰ ਇਸ਼ਨਾਨ ਕਰਾਇਆ, ਬਸਤਰ ਧੋਤੇ, ਤੇ ਉਸ ਨੂੰ ਕਿਹਾ :

'ਜੋ ਤਨਿ ਬਾਣੀ ਵਿਸਰਿ ਜਾਇ
ਜਿਉਂ ਪੱਕਾ ਰੋਗੀ ਵਿਲਲਾਇ' ਧਨਾਸਰੀ ਮ: ੧

ਕੋਹੜੀ ਨੂੰ ਸੁਰਤ ਫਿਰੀ, ਬਾਬੇ ਨੇ ਪਿਆਰ ਕੀਤਾ ਨਾਮ ਦੀ ਦਾਤ ਬਖਸ਼ੀ, ਕੋਹੜੀ ਨੂੰ ਆਪਣੇ ਅੰਦਰ ਵਸਦਾ ਪ੍ਰੀਤਮ ਪਰਤੱਖ ਹੋ ਦਿਸਿਆ, ਪ੍ਰੀਤਮ ਦੇ ਚਰਨਾਂ ਨੂੰ ਲਿਪਟ ਗਿਆ। ਮਰਦਾਨੇ ਨੂੰ ਭੀ ਨਾਨਕ ਦੇ ਪ੍ਰੀਤਮ ਦਾ ਦੀਦਾਰ ਕੋਹੜੀ ਦੇ ਟਹਿਕ ਚੁਕੇ ਚੇਹਰੇ ਵਿਚੋਂ ਹੋਇਆ ਤੇ ਮਰਦਾਨੇ ਤੇ ਕੋਹੜੀ ਨੇ ਰਲ ਕੇ ਗਾਂਵਿਆ :

ਧੰਨ ਨਾਨਕ ਤੇਰੀ ਵਡੀ ਕਮਾਈ

ਹੁਣ ਬਾਬਾ ਸਿਆਲਕੋਟ ਸ਼ਹਿਰ ਦੇ ਬਾਹਰ ਇਕ ਬੇਰ ਦੇ ਰੁਖ ਹੇਠ ਆ ਬੈਠਾ, ਨੇੜੇ ਹੀ ਇਕ ਗੁੰਬਦ ਅੰਦਰ ਬੰਦ ਪੀਰ ਹਮਜ਼ਾਂ ਗੌਂਸ ਚਲੀਹਾ ਕਟ ਰਿਹਾ ਸੀ। ਕਿਸੇ ਨੂੰ ਆਗਿਆ ਨਹੀਂ ਸੀ ਕਿ ਚਾਲੀ ਦਿਨ ਬੀਤਨ ਤੋਂ ਅਗੋਂ ਦਰਵਾਜ਼ਾ ਖੋਲ੍ਹੇ। ਸ਼ਹਿਰ ਵਿਚ ਹਾਹਾ ਕਾਰ ਮਚੀ ਸੀ ਕਿ ਜਿਸ ਦਿਨ ਚਲੀਹਾ ਕਟ ਪੀਰ ਬਾਹਰ ਆਇਆ ਸ਼ਹਿਰ ਗ਼ਰਕ ਕਰ ਦੇਵੇਗਾ। ਲੋਕ ਇਸ ਭੈ ਅੰਦਰ ਪਹਿਲੋਂ ਹੀ ਅਧਮੋਏ ਹੋ ਚੁਕੇ ਸਨ। ਇਸ ਤਰ੍ਹਾਂ ਡਰੇ ਤੇ ਸਹਿਮੇ ਹੋਏ ਲੋਕਾਂ ਨੂੰ ਬਾਬੇ ਨੇ ਧਰਵਾਸ ਦਿਤਾ। ਪੀਰ ਨੂੰ ਬੁਲਾ ਭੇਜਿਆ ਪਰ ਮੁਰੀਦਾਂ ਨੇ ਮਰਦਾਨੇ ਨੂੰ ਦੂਰ ਤੋਂ ਮੋੜ ਦਿਤਾ। ਕਰਤਾਰ ਦਾ ਕਰਨਾ, ਅਗਲੇ ਦਿਨ ਗੁੰਬਦ ਫਟਿਆ ਤੇ ਸੂਰਜ ਦਾ ਚਾਨਣਾ ਪੀਰ ਦੇ ਮੂੰਹ ਪਰ ਪਿਆ, ਪੀਰ ਘਬਰਾ ਕੇ ਉਠਿਆ, ਬਾਹਰ ਆਇਆ, ਚਲੀਹਾ ਪੂਰਾ ਨ ਹੋਇਆ। ਬਾਬੇ ਨੇ ਆਖਿਆ 'ਪੀਰ ਜੀ ਏਡੀ ਕ੍ਰੋਪੀ ਕਿਉਂ ?' ਪੀਰ ਆਖਿਆ 'ਇਹ ਝੂਠਿਆਂ ਦਾ ਸ਼ਹਿਰ ਗ਼ਰਕ ਹੋਣਾ ਚਾਹੀਦੈ' ਬਾਬੇ ਨੇ ਆਖਿਆ 'ਇਉਂ ਨ ਕਹੋ, ਪੀਰ ਜੀ, ਸਚ ਰਮ ਰਹਿਆ ਸਾਰੇ ਸੰਸਾਰ ਵਿਚ, ਇਹ ਘਰ ਸੱਚੇ ਰਬ ਦਾ ਇਸ ਦਾ ਜਰਹਾ ੨ ਭਰਪੂਰ ਸੱਚੇ ਨੂਰ ਨਾਲ, 'ਸਚੀ ਤੇਰੀ ਕੁਦਰਿਤ ਸਚੇ ਪਾਤਸ਼ਾਹ' ਦੋਸ਼ ਤੇਰੇ ਵੇਖਣ ਵਿਚ, ਤੇਰੀ ਹਉਮੇ ਦੇ ਗੁਬਾਰ ਨੇ ਤੇਰੀਆ ਅਖਾਂ ਤੇ ਪੜਦਾ ਪਾ ਦਿਤਾ ਹੈ। ਜਿਸ ਕਰਕੇ ਤੈਨੂੰ

ਸਚ ਨਹੀਂ ਦਿਸਦਾ, ਇਹ ਝੂਠਿਆ ਦਾ ਸ਼ਹਿਰ ਨਹੀਂ, ਝੂਠਾ ਉਹ ਜੋ ਸਚ ਦੀ ਪਛਾਣ ਨ ਕਰੇ, ਜੋ ਸਚ ਨੂੰ ਤਿਆਗ ਕੇ ਝੂਠ ਦਾ ਆਸਰਾ ਤਕੇ, ਜੋ ਇਕ ਨਿਰੰਕਾਰ ਦੀ ਓਟ ਛਡ ਕੇ ਬੰਦੇ ਦੀ ਓਟ ਸਮਾਰੇ। ਤੂੰ ਕੌਣ ਕਿਸੇ ਨੂੰ ਪੁੱਤਰ ਦੇਣ ਵਾਲਾ, ਇਹ ਰਬ ਦੀ ਦਾਤ ਜਿਸ ਨੂੰ ਚਾਹੇ ਬਖਸ਼ੇ, ਚਾਹੇ ਨ ਬਖਸ਼ੇ। ਜਿਸ ਨੇ ਤੈਥੋਂ ਪੁੱਤਰ ਮੰਗਿਆ ਉਸ ਨੇ ਝੂਠਾ ਆਸਰਾ ਤਕਿਆ ਅਤੇ ਤੂੰ ਕੁਫਰ ਤੋਲਿਆ ਜਦੋਂ ਤੂੰ ਰਬ ਨਾਲ ਸ਼ਰੀਕਾ ਕੀਤਾ। ਤੁਸੀਂ ਦੋਵੇਂ ਝੂਠੇ ਪਰ ਰੱਬ ਸਚਾ ਤੇ ਰਬ ਦੀ ਸਾਜਨਾ ਸਚੀ। ਮੈਂ ਤੈਨੂੰ ਹੁਣੇ ਨਿਸਚੇ ਕਰਾਉਂਦਾ ਹਾਂ ਕਿ ਇਹ ਝੂਠਿਆਂ ਦਾ ਸ਼ਹਿਰ ਨਹੀਂ"।

ਇਉਂ ਕਹਿ ਬਾਬੇ ਨੇ ਇਕ ਟਕਾ ਮਰਦਾਨੇ ਦੇ ਹਥ ਧਰਿਆ ਤੇ ਕਿਹਾ, 'ਜਾਹ ਸ਼ਹਿਰੋਂ ਟਕੇ ਦਾ ਸਚ ਝੂਠ ਖਰੀਦ ਲਿਆ।' ਥੋੜੇ ਚਿਰ ਮਗਰੋਂ ਮਰਦਾਨਾ ਸ਼ਹਿਰੋਂ ਮੁੜਿਆ ਤੇ ਇਕ ਕਾਗਜ਼ ਬਾਬੇ ਦੇ ਹਥ ਦਿਤਾ। ਬਾਬੇ ਕਾਗਜ਼ ਖੋਲ੍ਹਿਆ ਤਾਂ ਉਸ ਪਰ ਲਿਖਿਆ ਸੀ

'ਮਰਨਾ ਸਚ ਜੀਉਣਾ ਝੂਠ'

ਬਾਬੇ ਨੇ ਇਹ ਪੀਰ ਦੇ ਹਥ ਦੇ ਦਿਤਾ ਤੇ ਮੇਹਰ ਭਰੀ ਇਕ ਤਕਨੀ ਨਾਲ ਪੀਰ ਦੇ ਝੂਠ ਦੇ ਛਉੜ ਕਟ ਦਿਤੇ। ਪੀਰ ਦੇ ਮਨ ਤੇ ਪਿਆ ਗੁਬਾਰ ਉਠ ਗਿਆ ਤੇ ਪੀਰ ਨੂੰ ਸਚੋ ਸਚ ਪਰਤੀਤ ਹੋਣ ਲਗਾ। ਓਹ ਸਿਆਲਕੋਟ ਜੋ ਝੂਠਿਆਂ ਦਾ ਸ਼ਹਿਰ ਦਿਸਦਾ ਸੀ ਸਚ ਭਰਪੂਰ ਦਿਸਿਆ।

ਹੁਣ ਬਾਬੇ ਨੇ ਅੰਤਰ ਧਿਆਨ ਹੋ ਕੇ ਤਕਿਆ ਤਾਂ ਸ਼ਹਿਰ ਸੈਦਪੁਰ ਦੇ ਮਹਿਲ ਮਾੜੀਆਂ ਸੜਦੇ ਤਕੇ ਗਰੀਬ ਰਿਆਇਆ ਦੀ ਹਾਹਾਕਾਰ ਬਾਬੇ ਦੇ ਕੰਨੀ ਪਈ। ਬਾਬਾ ਉਠ ਨਠਾ ਉਤ ਵੱਲ ਨੂੰ। ਬਾਬਰ ਬਾਦਸ਼ਾਹ ਸਣੇ ਹਜ਼ਾਰਹਾ ਬੁਰਛਿਆਂ ਦੇ ਸ਼ਹਿਰ ਵਿਚ ਦਾਖਲ ਹੋ ਚੁਕਾ ਸੀ, ਗਰੀਬ ਅਮੀਰ ਬੁਢੇ ਤੇ ਜਵਾਨ ਇਕ ਸਾਰ ਕਤਲ ਕੀਤੇ ਜਾ ਰਹੇ ਸਨ, ਗਲੀਆਂ ਬਾਜ਼ਾਰ ਲਹੂ ਲੁਹਾਨ ਹੋਏ ਕਤਲ ਗਾਹ ਬਣ ਚੁਕੇ ਸਨ, ਧਨ ਲੁਟਿਆ ਅਤੇ ਸੁੰਦਰਤਾ ਵਿਲੂੰਧਰੀ ਜਾ ਰਹੀ ਸੀ। ਦੌਲਤ ਤੇ ਜਵਾਨੀ ਜਿਨਾਂ ਦੀ ਮਸਤੀ ਨੇ ਸੈਦਪੁਰ ਦੇ ਵਸਨੀਕਾਂ ਨੂੰ ਸਭ ਕੁਝ ਭੁਲਾ ਰਖਿਆ ਸੀ, ਅਜ ਉਨ੍ਹਾਂ ਦੇ ਵੈਰੀ ਬਣ ਚੁਕੇ ਸਨ, ਸੁੰਦਰ ਕੁਮਾਰੀਆਂ ਜਿਨਾਂ

ਦੇ ਗਲੀਂ ਮੋਤੀਆਂ ਦੀਆਂ ਮਾਲਾਂ ਲਟਕਦੀਆਂ ਸਨ ਅਜ ਜਰਵਾਨਿਆਂ ਦੀ ਬੰਦੀ ਅੰਦਰ ਬੇਪਤ ਕੀਤੀਆਂ ਜਾ ਰਹੀਆਂ ਸਨ। ਸਤਿਗੁਰ ਉਨ੍ਹਾਂ ਦੀ ਦਸ਼ਾ ਨੂੰ ਇਉਂ ਵਰਨਣ ਕਰਦੇ ਹਨ :

'ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ
... ...
ਤਿਨ ਗਲਿ ਸਿਲਕਾ ਪਾਈਆ ਤੁਟਨਿ ਮੋਤਸਰੀਆ
ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ਆਸਾ ਮ: ੧

ਇਸ ਤਰ੍ਹਾਂ ਦੀ ਲੁਟ ਮਾਰ ਮਗਰੋਂ ਸ਼ਹਿਰ ਨੂੰ ਸਾੜਿਆ ਫੂਕਿਆ ਜਾ ਰਿਹਾ ਸੀ। ਮੁਸੀਬਤ ਮਾਰੇ ਜੋ ਮਾਰੇ ਨ ਗਏ ਫੜੇ ਹੋਏ ਬਾਬਰ ਦੀ ਬੰਦੀ ਅੰਦਰ ਸ਼ਾਹੀ ਫੌਜਾਂ ਲਈ ਆਟਾ ਪੀਸਣ ਲਗਾਏ ਹੋਏ ਸਨ। ਗੁਰੂ ਨਾਨਕ ਤੇ ਮਰਦਾਨਾ ਅਗ ਅੰਦਰ ਝੋਕੇ ਜਾ ਰਹੇ ਲੋਕਾਂ ਨੂੰ ਬਚਾਉਣ ਲਈ ਏਥੇ ਪੁਜੇ ਪਰ ਛੇਤੀ ਹੀ ਇਨ੍ਹਾਂ ਨੂੰ ਭੀ ਕੈਦੀ ਬਣਾ ਕੇ ਚਕੀਆਂ ਪੀਸਣ ਲਗਾ ਦਿਤਾ ਗਿਆ।

ਸਾਰੇ ਬੰਦੀਵਾਣ ਚਕੀਆਂ ਪੀਸ ਰਹੇ ਹਨ ਮਰਦਾਨਾਂ ਭੀ ਚਕੀ ਪੀਸਦਾ ਹੈ ਪਰ ਬਾਬਾ ਅੰਤਰ ਧਿਆਨ ਹੋਇਆ ਆਪਣੇ ਪ੍ਰੀਤਮ ਨੂੰ ਪੁਛ ਰਿਹਾ ਹੈ 'ਏਨਾ ਅਨਰਥ ਹੋਇਆ ਹੈ ਲੋਕ ਕੁਰਲਾ ਰਹੇ ਹਨ ਪਰ, ਦਾਤਾ, ਏਨ੍ਹਾਂ ਨੂੰ ਤਕ ਤੇਰੇ ਮਨ ਤਰਸ ਨਹੀਂ ਪਿਆ ? ਇਹ ਨਿਰਬਲ ਲੋਕ ਬਲ ਵਾਲੇ ਸ਼ੇਰ ਛਿਆਂ ਹਥੋਂ ਪੀਸੇ ਜਾ ਰਹੇ ਹਨ ਜੇ ਇਹ ਭੀ ਬਲਵਾਨ ਹੁੰਦੇ ਤਾਂ ਕੋਈ ਗਿਲਾ ਨਹੀਂ ਸੀ, ਲੜਦੇ ਮਾਰਦੇ ਮਰਦੇ, ਪਰ ਇਥੇ ਤਾਂ ਗਰੀਬ ਨਿਤਾਣੀਆਂ ਗਊਆਂ ਉਤੇ ਬਲਵਾਨ ਸ਼ੀਂਹ ਆ ਪਿਆ ਹੈ ਇਹ ਗਰੀਬ ਗਊਆਂ ਭੀ ਤੇਰੀਆਂ ਹੀ ਹਨ ਇਨ੍ਹਾਂ ਦੀ ਪੁਕਾਰ ਸੁਨਣ ਵਾਲਾ ਭੀ ਤਾਂ ਤੂੰ ਹੀ ਹੈਂ'।

ਇਉਂ ਕਰਤਾ ਪੁਰਖ ਨਾਲ ਜੁੜੇ ਬਾਬੇ ਨਾਨਕ ਦੇ ਗਲੇ ਤੋਂ ਸਰੋਦ ਹੋਇਆ ਤੇ ਬਾਬੇ ਗਾਂਵਿਆਂ

'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ'
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ
ਕਰਤਾ ਤੂੰ ਸਭਨਾ ਕਾ ਸੋਈ
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ਆਸਾ ਮਃ ੧

ਮਜ਼ਲੂਮਾਂ ਦੀ ਹਾਹਾਕਾਰ ਤੇ ਜ਼ਾਲਮਾਂ ਦੀ ਮਾਰ ਧਾੜ ਦੇ ਵਾਯੂ ਮੰਡਲ ਅੰਦਰ ਬਾਬੇ ਨਾਨਕ ਦਾ ਇਹ ਸਰੋਦ ਬਲ ਰਹੇ ਭਾਂਬੜਾਂ ਉਪਰ ਮਿਠੀ ਸ਼ਾਂਤ ਫੁਹਾਰ ਦਾ ਕੰਮ ਕਰ ਰਿਹਾ ਸੀ। ਲੁਕਾਈ ਦਾ ਧਿਆਨ ਬਾਬੇ ਵੱਲ ਖਿਚਿਆ ਗਿਆ। ਬਾਬਰ ਨੇ ਭੀ ਤਕਿਆ ਕਿ ਕੋਈ ਅਬਰੇ ਰਹਿਮਤ (ਰਬੀ ਮੇਹਰ ਦਾ ਮੀਂਹ) ਵਸ ਰਿਹਾ ਹੈ ਬਾਬਰ ਦਾ ਦਿਲ ਦਹਿਲ ਗਿਆ। ਬਾਬੇ ਨੂੰ ਸੰਬੋਧਨ ਕਰ ਬੋਲਿਆ 'ਫਕੀਰ ਸਾਂਈ, ਇਕ ਨਜ਼ਰ ਇਧਰ ਭੀ, ਮੇਰੇ ਪਰ ਭੀ ਫਜ਼ਲ'

ਬਾਬੇ ਨੇ ਵਡੇ ਜਬ੍ਹੇ ਨਾਲ ਬਾਬਰ ਵੱਲ ਤਕਿਆ ਤੇ ਆਖਿਆ, 'ਖਲਕਤ ਪਰ ਜ਼ੁਲਮ ਔਰ ਖਾਲਕ ਤੋਂ ਫਜ਼ਲ ਦੀ ਆਸ ? ਜੇ ਫਜ਼ਲ ਚਾਹੁਨਾ ਏਂ ਤਾਂ ਤਕ ਉਸ ਨੂੰ ਖੁਦਾ ਦੀ ਖਲਕਤ ਵਿਚ, ਜੇ ਚਾਹੁਨਾ ਏਂ ਕਿ ਅੱਲਾ ਤਾਲਾ ਤੇਰੇ ਤੇ ਮੇਹਰ ਕਰੇ ਤਾਂ ਤੂੰ ਮੇਹਰ ਕਰ ਖਲਕੇ ਖੁਦਾ ਤੇ। ਜੇ ਤੂੰ ਖੁਦਾ ਦੀ ਖਲਕਤ ਨੂੰ ਅਗ ਵਿਚ ਸਾੜੇਂਗਾ ਤਾਂ ਦੋਜਖ ਦੀ ਅੱਗ ਤੈਨੂੰ ਸਾੜੇਗੀ। ਜੇ ਤੂੰ ਬਚਣਾ ਚਾਹੁਨਾ ਏਂ, ਕਹਿਰੇ ਖੁਦਾ ਤੋਂ ਤਾਂ ਬਚਾ ਖਲਕਤ ਨੂੰ ਇਸ ਅਗ ਤੋਂ ਜੋ ਤੂੰ ਮਚਾ ਰਖੀ ਏ ਦਿਨ੍ਹਾਂ ਗਰੀਬਾਂ ਉਪਰ'

ਬਾਬਰ ਡਰਿਆ 'ਕਹਿਰੇ ਖੁਦਾ' ਤੋਂ ਅਤੇ ਹੁਕਮ ਦਿਤਾ 'ਬੰਦ ਕਰੋ ਫੌਰਨ ਇਹ ਕਤਲ ਤੇ ਜ਼ੁਲਮ ਅਤੇ ਬੁਝਾ ਦਿਓ ਅੱਗ ਜਿਥੇ ਜਿਥੇ ਭੀ ਇਹ ਬਲ ਰਹੀ ਏ' ਅਤੇ ਫਿਰ ਮੁਖਾਤਬ ਹੋ ਬਾਬੇ ਨਾਨਕ ਨੂੰ ਬੋਲਿਆ 'ਫਕੀਰ ਸਾਈਂ' ਮੈਨੂੰ ਖਿਦਮਤ ਦਸੋ' ਬਾਬੇ ਆਖਿਆ 'ਮੇਰੇ ਮਾਲਕ ਦੀ ਵਡੀ ਖਿਦਮਤ ਏਹੋ ਏ ਕਿ ਜ਼ੁਲਮ ਬੰਦ ਕਰ, ਅਨਾਥ, ਬਲਹੀਨ, ਬੁਢੇ, ਬਚੇ ਤੇ ਅਬਲਾ ਔਰਤ ਦੀ ਮਦਦ ਕਰ, ਖੁਦਾ ਦੀ

ਖੁਦਾਈ ਨੂੰ ਤਕ ਏਹਨਾਂ ਵਿਚ, ਇਨ੍ਹਾਂ ਦੀ ਸੇਵਾ ਮੇਰੇ ਮਾਲਕ ਦੀ ਸੇਵਾ ਏ, ਇਨ੍ਹਾਂ ਦਾ ਪਿਆਰ ਰਬ ਦਾ ਪਿਆਰ ਏ, ਜੇ ਏਨਾ ਨਾਲ ਪਿਆਰ ਕਰੇਂਗਾ, ਤਾਂ ਰਬ ਤੇਰੇ ਨਾਲ ਪਿਆਰ ਕਰੇਗਾ' ਇਉਂ ਕਹਿੰਦਾ ਬਾਬਾ ਅਪਨੇ ਸਾਥੀ ਮਰਦਾਨੇ ਸਮੇਤ ਆਪਨੀ ਹਥੀਂ ਮਜ਼ਲੂਮ ਦੁਖੀਆਂ ਦੇ ਦੁਖ ਵੰਡਾਉਣ ਲਗ ਪਿਆ। ਬਾਬੇ ਨੂੰ ਇਉਂ ਜੁਟਾ ਵੇਖ ਹੋਰ ਲੋਕ ਭੀ ਬਾਬੇ ਨਾਲ ਆ ਜੁੜੇ ਤੇ ਅਨੇਕਾਂ ਸੜਦੇ, ਵਿਲਕਦੇ ਤੇ ਕੁਰਲਾਉਂਦੇ ਰਬ ਦੇ ਬੰਦਿਆਂ ਦੀ ਸਹਾਇਤਾ ਕੀਤੀ। ਇਸ ਤਰਾਂ ਸੈਦ ਪੁਰ ਦੀ ਮਜ਼ਲੂਮ ਖਲਕਤ ਵਿਚ ਆਪਨੇ ਪ੍ਰੀਤਮ ਨੂੰ ਟੋਲਦਾ ਬਾਬਾ ਅਗੇ ਵਧੀ ਜਾ ਰਿਹਾ ਹੈ ਅਤੇ ਗਾਉਂ ਰਿਹਾ ਹੈ :

'ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ'

ਸ੍ਰੀ ਰਾਗ ਮ: ੧

ਹਾਂ, ਜਿਥੇ ਜਿਥੇ ਬਾਬੇ ਦੀ ਨਜ਼ਰ ਪਈ, ਰਹਿਮਤਾਂ ਦੇ ਮੀਂਹ ਵਸ ਪਏ, ਦੁਖਿਆਂ ਨੂੰ ਸੁਖ ਦਾ ਸਾਹ ਆਇਆ, ਅਗਾਂ ਬੁਝ ਗਈਆਂ ਠੰਡ ਵਰਤ ਗਈ :

ਸਾਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ

ਸੋ ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਦਾ ਪਿਆਰ ਜਿਥੇ ਇਕ ਵੰਨੇ ਪ੍ਰਭੂ ਪ੍ਰੀਤਮ ਦੀ ਯਾਦ ਦੀ ਭੁਖ ਦਾ ਰੂਪ ਲੈਂਦਾ ਹੈ ਜਿਸ ਯਾਦ ਭੁਖ ਵਿਚ ਅਤਿ ਦਰਜੇ ਦੀ ਬਿਹਬਲਤਾ ਹੈ ਵਿਯੋਗਣ ਪਤਨੀ ਦੀ ਪਤੀ ਦੇ ਮੇਲ ਲਈ ਤੜਪ ਹੈ ਜਿਸ ਤੜਪ ਦਾ ਹੋਣਾ ਹੀ ਅਸਲ ਜੀਵਣ ਹੈ।

'ਨਾਮ ਬਿਨਾਂ ਨਹੀਂ ਜੀਵਿਆ ਜਾਇ'

ਉਥੇ ਗੁਰੂ ਨਾਨਕ ਨੂੰ ਪ੍ਰੀਤਮ 'ਘਟਿ ਅਵਘਿਟ ਰਵਿਆ ਸਭ ਥਾਈ' ਪ੍ਰਤੀਤ ਹੁੰਦਾ ਹੈ ਜਿਸ ਲਈ ਓਹ ਮਹਿਸੂਸ ਕਰਦੇ ਹਨ ਕਿ ਕੋਹੜੀ ਦੇ ਕੋਹੜ ਦਾ ਦੁਖ ਦੂਰ ਕਰਨ ਨਾਲ ਗੁਰੂ ਨਾਨਕ ਦੇ ਪ੍ਰੀਤਮ ਦਾ ਦੁਖ ਦੂਰ ਹੁੰਦਾ ਹੈ, ਸਿਆਲ ਕੋਟ ਦੇ ਸਹਿਮੇ ਹੋਏ ਲੋਕਾਂ ਨੂੰ ਧਰਵਾਸ ਦੇਣ ਨਾਲ ਗੁਰੂ ਨਾਨਕ ਦੇ ਪ੍ਰੀਤਮ ਨੂੰ ਧੀਰਜ ਆਉਂਦਾ ਹੈ ਅਤੇ ਬਾਬਰਬਾਣੀ ਦੇ ਜ਼ੁਲਮਾਂ ਦੀ ਅਗ ਵਿਚ ਝੋਕੇ ਜਾ ਰਹੇ ਲੋਕਾਂ ਨੂੰ ਬਚਾਉਣ ਨਾਲ ਗੁਰੂ ਦੇ ਪ੍ਰੀਤਮ ਨੂੰ ਸੁਖ ਦਾ ਸਾਹ ਆਉਂਦਾ ਹੈ।

ਇਹ ਹੈ ਗੁਰੂ ਨਾਨਕ ਦੇ ਬਿਰਹੌਂ ਦਾ ਅਸਲ ਰੂਪ ਜਿਸ ਦੀ ਝਲਕ ਹਰ ਗੁਰੂ ਨ ਨਕ ਨਾਮ ਲੇਵਾ ਦੇ ਜੀਵਨ ਵਿਚ ਗੁਰੂ ਵੇਖਣਾ ਮੰਗਦਾ ਹੈ ਕਿਵੇਂ ?

(੧) ਪ੍ਰੀਤਮ ਦੇ ਬਿਰਹੋਂ ਵਿਚ ਰਹਿ ਕੇ (ਸਿਮਰਨ)।

(੨) ਘਟ ਘਟ ਅੰਦਰ ਰਵ ਰਹੇ ਪ੍ਰੀਤਮ ਨਾਲ ਵਿਅਕਤੀਗਤ ਪਿਆਰ ਪਾਕੇ (ਸੇਵਾ)

ਸਿਮਰਨ ਸੇਵਾ ਇਹੋ ਸਿਖੀ ਜੀਵਨ ਦੇ ਦੋ ਥੰਮ ਹਨ।

ਸਤਿਗੁਰੂ ਨਾਨਕ ਦਾ ਬਿਰਹਾ

ਇਹ ਟ੍ਰੈਕਟ ਹੇਠ ਲਿਖੇ ਸਜਣਾਂ ਤੇ ਸਭਾਵਾਂ ਵਲੋਂ ਸੰਗਤਾਂ ਵਿਚ ਵੰਡਿਆ ਗਿਆ :—

੧. ਸ੍ਰੀ ਗੁਰੂ ਸਿੰਘ ਸਭਾ, ਪਟਿਆਲਾ।

੨. ਸ੍ਰੀ ਗੁਰੂ ਕਲਗੀਧਰ ਸੇਵਕ ਜਥਾ, ਬੀਕਾ ਨੇਰ।

੩. ਗੁਰਮਤਿ ਪ੍ਰਚਾਰ ਸਭਾ, ਡੇਹਰਾਦੂਨ।

੪. ਸ੍ਰ. ਸ਼ਮਸ਼ੇਰ ਸਿੰਘ, ਜਾਇੰਟ ਡਾਇਰੈਕਟਰ (ਰੀਟਾਇਰਡ) 35 ਪਬਲਿਕ ਪਾਰਕ, ਗੰਗਾ ਨਗਰ।

੫. ਬੇਦੀ ਸੁਹਿੰਦਰ ਸਿੰਘ, ੧੦/੨੩ ਵੈਸਟ ਪਟੇਲ ਨਗਰ ਨਵੀਂ ਦਿਲੀ।

੬. ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਜਾਮ ਨਗਰ।

੭. ਸ੍ਰ. ਤਾਰਾ ਸਿੰਘ ਜੀ, ਭਾਰਤ ਸਟੀਲ ਐਨਜੀਨੀਰਿੰਗ ਵਰਕਸ ਜਾਮ ਨਗਰ।

ਛਾਪਕ	ਪਹਿਲੀ ਵਾਰ	ਪ੍ਰਕਾਸ਼ਕ
*ਆਰਸੀ ਪ੍ਰੈਸ,	੧੫੦੦	ਨਰੈਣ ਸਿੰਘ ਸਕੱਤਰ
ਪਟਿਆਲਾ।	ਜਨਵਰੀ, ੧੯੬੯	ਗੁਰੂ ਨਾਨਕ ਮਿਸ਼ਨ ਪਟਿਆਲਾ।